# ਤੁਸੀਂ ਅਤੇ ਤੁਹਾਡਾ ਹੀਮੋਡਾਇਆਲਾਸਿਸ ਐਕਸੈੱਸ

## ਹੀਮੋਡਾਇਆਲਾਸਿਸ ਲਈ ਵੈਸਕੂਲਰ ਐਕਸੈੱਸ

BC Renal Agency
An agency of the Provincial Health Services Authority

*ਹੀਮੋਡਾਇਆਲਾਸਿਸ ਦੌਰਾਨ, ਖ਼ੂਨ ਲਗਾਤਾਰ ਕੱਢਿਆ ਜਾਣਾ, ਸਾਫ ਕੀਤਾ ਜਾਣਾ ਅਤੇ ਫਿਰ ਤੁਹਾਡੇ ਸਰੀਰ ਵਿਚ ਵਾਪਸ ਭੇਜਿਆ ਜਾਣਾ ਜ਼ਰੂਰੀ ਹੈ। ਅਜਿਹਾ ਹੋਣ ਲਈ ਤੁਹਾਨੂੰ* ***ਵੈਸਕੂਲਰ ਐਕਸੈੱਸ*** *ਦੀ ਲੋੜ ਪਵੇਗੀ।*

## ਵੈਸਕੂਲਰ ਐਕਸੈੱਸ ਦੀ ਸਭ ਤੋਂ ਵਧੀਆ ਕਿਸਮ ਫਿਸਟੁੱਲਾ ਹੈ।

ਸਰਜਨ ਦਿਲ ਨੂੰ ਖ਼ੂਨ ਲਿਜਾਣ ਵਾਲੀ ਕਿਸੇ ਨਾੜੀ (ਵੇਨ) ਨੂੰ ਦਿਲ ਤੋਂ ਖ਼ੂਨ ਲਿਜਾਣ ਵਾਲੀ ਨਾੜੀ (ਆਰਟਰੀ) ਨਾਲ ਜੋੜਦਾ ਹੈ ਜਿਸ ਨਾਲ ਦਿਲ ਨੂੰ ਖ਼ੂਨ ਲਿਜਾਣ ਵਾਲੀ ਨਾੜੀ ਵੱਡੀ ਅਤੇ ਮਜ਼ਬੂਤ ਹੋ ਜਾਂਦੀ ਹੈ।

ਇਸ ਨਵੀਂ ਨਾੜੀ ਨੂੰ ਫਿਸਟੁੱਲਾ ਆਖਿਆ ਜਾਂਦਾ ਹੈ। ਫਿਸਟੁੱਲਾ *ਗੋਲਡ ਸਟੈਂਡਰਡ* ਹੈ ਜਿਸ ਦਾ ਮਤਲਬ ਹੈ ਕਿ ਇਹ ਸਭ ਤੋਂ ਵਧੀਆ ਚੋਣ ਹੈ।

- ਇਹ ਸਭ ਤੋਂ ਵਧੀਆ ਕੰਮ ਕਰਦਾ ਹੈ
- ਇਹ ਸਭ ਤੋਂ ਲੰਮਾ ਸਮਾਂ ਰਹਿੰਦਾ ਹੈ
- ਇਸ ਦੀਆਂ ਸਮੱਸਿਆਵਾਂ (ਇਨਫੈਕਸ਼ਨਾਂ) ਘੱਟ ਹੁੰਦੀਆਂ ਹਨ
- ਇਸ ਨਾਲ ਹਸਪਤਾਲ ਘੱਟ ਰਹਿਣ ਦੀ ਲੋੜ ਪੈਂਦੀ ਹੈ




ਕੁਝ ਮਰੀਜ਼ ਅਜਿਹੇ ਹੁੰਦੇ ਹਨ ਜਿਨ੍ਹਾਂ ਲਈ ਫਿਸਟੁੱਲਾ ਬਣਾਉਣਾ ਸੰਭਵ ਨਹੀਂ ਹੁੰਦਾ। ਤੁਹਾਡਾ ਡਾਕਟਰ ਗਰਾਫਟ ਨਾਂ ਦੀ ਇਕ ਹੋਰ ਚੋਣ ਦਾ ਸੁਝਾਅ ਦੇ ਸਕਦਾ ਹੈ। ਗਰਾਫਟ ਫਿਸਟੁੱਲਾ ਵਾਂਗ ਹੈ ਪਰ ਇਹ ਦਿਲ ਨੂੰ ਖ਼ੂਨ ਲਿਜਾਣ ਵਾਲੀ ਨਾੜੀ (ਵੇਨ) ਨੂੰ ਦਿਲ ਤੋਂ ਖ਼ੂਨ ਲਿਜਾਣ ਵਾਲੀ ਨਾੜੀ (ਆਰਟਰੀ) ਨਾਲ ਜੋੜਣ ਲਈ ਨਰਮ ਪਲਾਸਟਿਕ ਵਰਗੀ ਟਿਊਬ ਦਾ ਛੋਟਾ ਹਿੱਸਾ ਵਰਤਦਾ ਹੈ।




## ਫਿਸਟੁੱਲਾ ਪਹਿਲਾਂ !

- **ਆਪਣੀਆਂ ਸਾਰੀਆਂ ਚੋਣਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ**
- **ਜਿੰਨੀ ਛੇਤੀ ਤੁਸੀਂ ਆਪਣੀਆਂ ਚੋਣਾਂ ਬਾਰੇ ਜਾਣੋਗੇ, ਓਨੀਆਂ ਜ਼ਿਆਦਾ ਚੋਣਾਂ ਤੁਹਾਡੇ ਲਈ ਉਪਲਬਧ ਹੋ ਸਕਦੀਆਂ ਹਨ**

# ਤੁਸੀਂ ਅਤੇ ਤੁਹਾਡਾ ਹੀਮੋਡਾਇਆਲਾਸਿਸ ਐਕਸੈੱਸ

## ਹੀਮੋਡਾਇਆਲਾਸਿਸ ਲਈ ਵੈਸਕੂਲਰ ਐਕਸੈੱਸ

BC Renal Agency
An agency of the Provincial Health Services Authority

## ਵੈਸਕੂਲਰ ਐਕਸੈੱਸ ਦੀ ਸਭ ਤੋਂ ਵਧੀਆ ਕਿਸਮ ਫਿਸਟੁੱਲਾ ਹੈ।

**ਨਾਲੀਆਂ** ਲੰਮੇ ਸਮੇਂ ਦੇ ਇਲਾਜ ਲਈ ਚੰਗੀ ਚੋਣ ਨਹੀਂ ਹਨ ਕਿਉਂਕਿ ਉਹ ਨਾੜੀਆਂ ਦਾ ਨੁਕਸਾਨ ਕਰ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਭਰੋਸੇਯੋਗ ਨਹੀਂ ਸਮਝਿਆ ਜਾਂਦਾ (ਉਹ ਅਕਸਰ ਬੰਦ ਹੋ ਜਾਂਦੀਆਂ ਹਨ)।




ਫਿਸਟੁੱਲਾ ਵਾਲੇ ਮਰੀਜ਼ਾਂ ਦੇ ਮੁਕਾਬਲੇ ਨਾਲੀਆਂ ਵਾਲੇ ਮਰੀਜ਼ਾਂ ਨੂੰ ਇਹ ਖਤਰਾ ਹੁੰਦਾ ਹੈ:

- ਮੌਤ ਦਾ ਜ਼ਿਆਦਾ ਖਤਰਾ
- ਗੰਭੀਰ ਇਨਫੈਕਸ਼ਨ ਦਾ ਜ਼ਿਆਦਾ ਖਤਰਾ
- ਇਲਾਜ ਲਈ ਹਸਪਤਾਲ ਜਾਣ ਦਾ ਜ਼ਿਆਦਾ ਖਤਰਾ
- ਇਸ ਚੀਜ਼ ਦਾ ਜ਼ਿਆਦਾ ਖਤਰਾ ਕਿ ਡਾਇਆਲਾਸਿਸ ਮਸ਼ੀਨ ਖ਼ੂਨ ਵਿੱਚੋਂ ਸ਼ਾਇਦ ਸਾਰੀ ਰਹਿੰਦ-ਖੂੰਹਦ ਅਤੇ ਤਰਲ ਬਾਹਰ ਨਾ ਕੱਢੇ
- ਜ਼ਿਆਦਾ ਵੈਸਕੂਲਰ ਐਕਸੈੱਸ ਕਰਨ ਦੇ ਜ਼ਿਆਦਾ ਮੌਕੇ

ਅਧਿਐਨਾਂ ਨੇ ਇਹ ਦਿਖਾਇਆ ਹੈ ਕਿ ਫਿਸਟੁੱਲਾ ਵਾਲੇ ਮਰੀਜ਼ਾਂ ਵਿੱਚੋਂ 77% ਇਸ ਦੀ ਸਿਫਾਰਸ਼ ਕਿਸੇ ਦੋਸਤ ਲਈ ਕਰਨਗੇ।*

ਥੋੜ੍ਹੇ ਜਿਹੇ ਮਰੀਜ਼ ਅਜਿਹੇ ਹੁੰਦੇ ਹਨ ਜਿਨ੍ਹਾਂ ਲਈ ਫਿਸਟੁੱਲਾ ਜਾਂ ਗਰਾਫਟ ਸ਼ਾਇਦ ਸੰਭਵ ਨਾ ਹੋਵੇ। ਤੁਹਾਡਾ ਡਾਕਟਰ ਤੁਹਾਡੀਆਂ ਚੋਣਾਂ ਬਾਰੇ ਤੁਹਾਡੇ ਨਾਲ ਵਿਚਾਰ ਕਰੇਗਾ।

ਅਸੀਂ ਪ੍ਰੌਵੀਡੈਂਸ ਹੈਲਥ ਕੇਅਰ ਵਿਖੇ, ਗੁਰਦਿਆਂ ਦੇ ਇਲਾਜ ਦੀ ਆਪਣੀ ਬਹੁਖੇਤਰੀ ਟੀਮ ਦੇ ਧੰਨਵਾਦੀ ਹਾਂ ਜਿਸ ਨੇ ਇਸ ਪੈਂਫਲਿਟ ਵਿਚ ਵਰਤੀ ਗਈ ਜਾਣਕਾਰੀ ਨੂੰ ਮੁਢਲੇ ਤੌਰ 'ਤੇ ਤਿਆਰ ਕੀਤਾ। ਇਹ ਬਰੋਸ਼ਰ ਬੀ ਸੀ ਰੀਨਲ ਏਜੰਸੀ ਦੇ ਵੈੱਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ: www.bcrenalagency.ca

*ਕੁਇਨ ਆਰ ਆਰ, ਲੈਂਪਿੰਗ ਡੀ ਐੱਲ, ਲੋਕ ਸੀ ਈ, ਮੀਅਰ ਆਰ ਏ, ਹਿਲਰ ਜੇ ਏ, ਲੀ ਜੇ, ਰਿਚਰਡਸਨ ਈ ਪੀ, ਕਿਸ ਏ, ਓਲੀਵਰ ਐੱਮ ਜੇ: ਦਾ ਵੈਸਕੂਲਰ ਐਕਸੈੱਸ ਕਿਉਐਸਚਿਨੇਅਰ: ਅਸੈਸਿੰਗ ਪੇਸ਼ੈਂਟ-ਰਿਪੋਰਟਡ ਵਿਊਜ਼ ਆਫ ਵੈਸਕੂਲਰ ਐਕਸੈੱਸ. ਜੇ ਵਾਸਕ ਐਕਸੈੱਸ 9:122-128, 2008*

ਇਸ ਪੈਂਫਲਿਟ ਵਿਚਲੀ ਜਾਣਕਾਰੀ ਸਿਖਿਆ ਅਤੇ ਜਾਣਕਾਰੀ ਦੇਣ ਦੇ ਮੰਤਵਾਂ ਲਈ ਅਤੇ ਆਪਣੀ ਬੀਮਾਰੀ ਅਤੇ ਇਲਾਜ ਬਾਰੇ ਆਪਣੀ ਇਲਾਜ ਕਰਨ ਵਾਲੀ ਟੀਮ ਨਾਲ ਗੱਲਬਾਤ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਦਿੱਤੀ ਗਈ ਹੈ। ਇਹ ਡਾਕਟਰੀ ਸਲਾਹ ਨਹੀਂ ਹੈ ਅਤੇ ਇਹ ਤੁਹਾਡੇ ਡਾਕਟਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਮਾਹਰ ਦੀ ਸਲਾਹ ਦੇ ਬਦਲ ਵਜੋਂ ਨਹੀਂ ਵਰਤੀ ਜਾਣੀ ਚਾਹੀਦੀ।

## ਮਹੱਤਵਪੂਰਨ ਫੋਨ ਨੰਬਰ

ਗੁਰਦਿਆਂ ਦਾ ਡਾਕਟਰ:

_______________

ਵੈਸਕੂਲਰ ਸਰਜਨ:

_______________

ਡਾਇਆਲਾਸਿਸ ਯੂਨਿਟ:

_______________

ਕਿਡਨੀ ਕਲੀਨਿਕ:

_______________

ਵੈਸਕੂਲਰ ਐਕਸੈੱਸ ਕਲੀਨਿਕ:

_______________

BC Renal Agency — An agency of the Provincial Health Services Authority
BC Children's Hospital
fraserhealth — Better health. Best in health care.
Interior Health
northern health
Providence Health Care — How you want to be treated.
Vancouver Coastal Health — Promoting wellness. Ensuring care.
Vancouver Island health authority